# 2017 ਤੋਂ ਐਤਵਾਰ 11 ਸਤੰਬਰ 17 ਸਤੰਬਰ 2017 ਤੱਕ

- 12.9.17 ਮੰਗਲਵਾਰ:- **Funeral of Ravinder Singh Chauhan @ Gurdwara 11.30 AM.**
- 13.09.17 ਬੁੱਧਵਾਰ: -
  4.30 ਵਜ਼ੇ:- ਸਾਧ ਸੰਗਤ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ 4.30 ਵਜ਼ੇ ਹੋਣਗੇ , ਰਹਿਰਾਸ ਦੇ ਪਾਠ ਉਪਰੰਤ ਦੀਵਾਨ ਸੱਜਣਗੇ ਹਜੂਰੀ ਜਥਾ ਕੀਰਤਨ ਕਰੇਗਾ ਬਾਅਦ ਵਿਚ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ਅਤੇ ਸਾਰੀ ਹੋਵੇਗੀ ਅਤੇ ਸਾਰੀ ਹੋਵੇਗੀ ।ਦੇਗਾਂ ਦੀਆਂ ਸੇਵਾਵਾਂ: - ਸ੍ਰ: ਮਨਜੀਤ ਸਿੰਘ ਸੇਖੋਂ, ਸ਼੍ਰ: ਅਮਰਜੀਤ ਸਿੰਘ , ਸ੍ਰ:ਹਰਜਿੰਦਰ ਸਿੰਘ ਅਤੇ ਬੀਬੀ ਤਰਸੇਮ ਕੌਰ, ਬੀਬੀ ਪਵਨਦੀਪ ਕੌਰ, ਹੀਰਾ ਜਵੈਲਰ, ਨੀਲ ਕਮਲ ਸ ਬਿਕ੍ਰਮਜੀਤ ਸਿੰਘ ਥਾਂਦੀ, ਬੀਬੀ ਰਣਜੀਤ ਕੌਰ ਅਤੇ ਸ੍ਰ ਸੁਚਾ ਸਿੰਘ ਬੈਂਸ ਪਰਿਵਾਰਾਂ ਵਲੋਂ ਹੋਣਗੀਆਂ।

- 14.09.17 ਵੀਰਵਾਰ:-
- 6.00 ਵੱਜ਼ੇ:- ਰਹਿਰਾਸ ਸਾਹਿਬ ਦੇ ਪਾਠ ਹੋਣਗੇ ਉਪਰੰਤ ਹਜ਼ੂਰੀ ਜਥਾ ਸ਼ਬਦ ਕੀਰਤਨ ਕਰੇਗਾ ਅਤੇ ਸਾਰੀ ਸੇਵਾ ਹੋਵੇਗੀ।

- 15.09.17 ਸ਼ੁਕਰਵਾਰ:- **ਅੱਸੂ ਦੀ ਸੰਗ੍ਰਾਂਦ ਦਾ ਦਿਨ ਹੈ।**
- 10.00 **ਵਜ਼ੇ:-** ਸਾਧ-ਸੰਗਤ ਵੱਲੋਂ **ਗੁਰਗੱਦੀ ਸ੍ਰੀ ਗੁਰੁ ਅੰਗਦ ਦੇਵ ਜੀ**
- **ਗੁਰਗੱਦੀ ਸ੍ਰੀ ਗੁਰੁ ਰਾਮ ਦਾਸ ਜੀ, ਗੁਰਗੱਦੀ ਸ੍ਰੀ ਗੁਰੁ ਅਰਜਨ ਦੇਵ ਜੀ ਦੇ ਸਬੰਧ ਵਿਚ** ਸ੍ਰੀ ਅਖੰਡ ਪਾਠ ਸਾਹਿਬ 10.00 ਵਜ਼ੇ ਅਰੰਭ ਹੋਣਗੇ ਸਾਰੀ ਸੇਵਾ ਹੋਵੇਗੀ।
- ਦੇਗਾਂ ਦੀਆਂ ਸੇਵਾਵਾਂ: - ਸ੍ਰ ਸੁਰਜੀਤ ਸਿੰਘ ਸੇਖੋਂ, ਸ੍ਰ: ਸੁਰਜੀਤ ਸਿੰਘ ਸ਼ੇਰਗਿੱਲ ਤੇ ਬੀਬੀ ਗੁਰਦੀਪ ਕੌਰ ਸ਼ੇਰਗਿੱਲ, ਸ੍ਰ: ਅਵਤਾਰ ਸਿੰਘ ਤੇ ਬੀਬੀ ਕੁਲਵਿੰਦਰ ਕੌਰ ਪੁਰੇਵਾਲ, ਬੀਬੀ ਸੁਰਿੰਦਰ ਕੌਰ ਪੁਰੇਵਾਲ, ਸ੍ਰ: ਕਸ਼ਮੀਰ ਸਿੰਘ ਤੇ ਬੀਬੀ ਸੁਰਿੰਦਰ ਕੌਰ ਨਾਗਰਾ, ਸ੍ਰ: ਸੇਵਾ ਸਿੰਘ ਅੱਟਾ ਤੇ ਬੀਬੀ ਅਵਤਾਰ ਕੌਰ ਅੱਟਾ, ਬੀਬੀ ਅਮਰਜੀਤ ਕੌਰ ਸੰਧੂ ਤੇ ਸ੍ਰ: ਗੁਰਦੇਵ ਸਿੰਘ ਔਲਖ ਸ੍ਰ: ਰਣਜੀਤ ਸਿੰਘ ਬਾਸੀ ਤੇ ਸਵ: ਨਿਰਮਲ ਸਿੰਘ ਪੁਰੇਵਾਲ ਦੇ ਪ੍ਰੀਵਾਰਾਂ ਵਲੋਂ ਹੋਣਗੀਆਂ।

- 16.09.17 ਸ਼ਨਿਚਰਵਾਰ: - **ਜੋਤੀ ਜੋਤ ਸ੍ਰੀ ਗੁਰੁ ਅਮਰਦਾਸ ਜੀ, ਜੋਤੀ ਜੋਤ ਸ੍ਰੀ ਗੁਰੁ ਰਾਮ ਦਾਸ ਜੀ।**
  11.00 ਵਜੇ:- **ਬੀਬੀ ਸੁਰਜੀਤ ਕੌਰ ਪਰਿਵਾਰ ਵਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਸਾਰੀ ਸੇਵਾ ਹੋਵੇਗੀ**
- 2.00 ਵਜੇ:- **ਬੀਬੀ ਪਰਮਿੰਦਰ ਕੌਰ ਪਰਿਵਾਰ ਵਲੋਂ ਸ੍ਰ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਲੰਗਰ ਆਦਿ ਦੀ ਸਾਰੀ ਸੇਵਾ ਹੋਵੇਗ੍ਰੀ।**
- 4.00 ਵਜ਼ੇ:- ਸ਼ਾਮ ਨੂੰ ਬੀਬੀਆਂ ਸਿਮਰਨ ਕਰਨਗੀਆਂ।

- 17.09.17 ਐਤਵਾਰ:- 8.30 ਵਜ਼ੇ: - ਸਾਧ-ਸੰਗਤ ਵਲੋਂ **ਗੁਰਗੱਦੀ ਸ੍ਰੀ ਗੁਰੁ ਅੰਗਦ ਦੇਵ ਜੀ, ਗੁਰਗੱਦੀ ਸ੍ਰੀ ਗੁਰੁ ਰਾਮ ਦਾਸ ਜੀ, ਗੁਰਗੱਦੀ ਸ੍ਰੀ ਗੁਰੁ ਅਰਜਨ ਦੇਵ ਜੀ ਦੇ ਸਬੰਧ ਵਿਚ** ਰਖਾਏ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ਉਪਰੰਤ **ਸ੍ਰ ਬਹਾਦਰ ਸਿੰਘ ਵਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਦੇਗ ਲੰਗਰ ਆਦਿ ਦੀ ਸਾਰੀ ਸੇਵਾ ਹੋਵੇਗੀ** ਬਾਅਦ'ਚ ਹਜ਼ੂਰੀ ਜਥਾ ਕੀਰਤਨ ਕਰੇਗਾ ਉਪਰੰਤ **ਢਾਡੀ ਜਥਾ ਭਾਈ ਗੁਰਬਚਨ ਸਿੰਘ ਜੀ ਲਿਵਰਪੂਲ ਵਾਲੇ ਹਾਜਰੀ ਭਰਨਗੇ।**
- **ਸ ਸਾਧੂ ਸਿੰਘ ਜੀ ਦੀ ਸਪੁਤ੍ਰੀ ਦਾ ਅਨੰਦ ਕਾਰਜ ਉਪਰਲੇ ਹਾਲ ਵਿਚ ਹੋਵੇਗਾ ਅਤੇ ਰਜਿਸਟਰ ਭੀ ਹੋਣਾ ਹੈ।** (Reception in Shaheed Udham Singh Hall)

- 22 **ਸਤੰਬਰ ਜੋਤੀ ਜੋਤ ਸ੍ਰੀ ਗੁਰੁ ਨਾਨਕ ਦੇਵ ਜੀ**
- 28 **ਸਤੰਬਰ ਜਨਮ ਦਿਨ ਸ਼ਹੀਦ ਭਗਤ ਸਿੰਘ ਜੀ**
- **Note: - Day & Time to book wedding in the Gurdwara Sahib: -** Wednesday: 11.00 AM –1.00 PM, Saturday: 11.00AM --1.00 PM, Sunday: 1.00PM--2.00PM. Contact S. Sadhu Singh Chhokar (General Secretary) 01274- 727938, Mob:- 07931833376
- **Wednesday-Dastaar Sajauni class- from 5.15 PM -6.30 PM. Rehrass Sahib recited by children at 6.00 PM. Sikh Studies Classes for children age 5 up to GCSE level. Saturday-Sikh Studies Classes for children age 5 up to GCSE Level. From 4.00 PM-5.30 PM. Sunday- Children Paath**

**classes up to Sukhmani Sahib First Group: 10.45 AM-11.30 AM. Second Group 11.30 AM-12.15 PM**

- ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥ ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥ ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥ ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥ ਜਿੰਨ੍ਹ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥ ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥ ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ॥ ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥ ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥੮॥ {ਪੰਨਾ 135}

ਪਦਅਰਥ:- ਅਸੁਨਿ—ਅੱਸੂ ਵਿਚ । ਉਮਾਹੜਾ—ਉਛਾਲਾ । ਜਾਇ—ਜਾ ਕੇ । ਕਿਉਂ—ਕਿਵੇਂ? ਕਿਸੇ ਨ ਕਿਸੇ ਤਰ੍ਹਾਂ । ਮਨਿ—ਮਨ ਵਿਚ । ਤਨਿ—ਸਰੀਰ ਵਿਚ । ਘਣੀ—ਬਹੁਤ । ਆਣਿ—ਲਿਆ ਕੇ । ਮਾਇ—ਹੇ ਮਾਂ! ਹਉ—ਮੈਂ! ਤਿਨ ਕੈ ਪਾਇ—ਉਹਨਾਂ ਦੀ ਚਰਨੀਂ । ਜਾਇ—ਥਾਂ । ਰਸੁ—ਸੁਆਦ, ਆਨੰਦ । ਰਹੇ ਆਘਾਇ—ਰੱਜ ਗਏ, ਤ੍ਰਿਸ਼ਨਾ ਪੋਹ ਨਹੀਂ ਸਕਦੀ । ਆਪੁ—ਆਪਾ-ਭਾਵ । ਲੜਿ—ਲੜ ਵਿਚ, ਪੱਲੇ । ਕੰਤਿ—ਕੰਤ ਨੇ । ਕਤਹਿ—ਕਿਸੇ ਹੋਰ ਥਾਂ । ਮਇਆ—ਮਿਹਰ ।

ਅਰਥ:- ਹੇ ਮਾਂ! (ਭਾਦਰੋਂ ਦੇ ਘੁੰਮੇ ਤੇ ਤ੍ਰਾਟਕੇ ਲੰਘਣ ਪਿੱਛੋਂ) ਅੱਸੂ (ਦੀ ਮਿੱਠੀ ਮਿੱਠੀ ਰੁੱਤ) ਵਿਚ (ਮੇਰੇ ਅੰਦਰ ਪ੍ਰਭੂ-ਪਤੀ ਦੇ) ਪਿਆਰ ਦਾ ਉਛਾਲਾ ਆ ਰਿਹਾ ਹੈ (ਮਨ ਤੜਫਦਾ ਹੈ ਕਿ) ਕਿਸੇ ਨਾ ਕਿਸੇ ਤਰ੍ਹਾਂ ਚੱਲ ਕੇ ਪ੍ਰਭੂ-ਪਤੀ ਨੂੰ ਮਿਲਾਂ । ਮੇਰੇ ਮਨ ਵਿਚ ਮੇਰੇ ਤਨ ਵਿਚ ਪ੍ਰਭੂ ਦੇ ਦਰਸਨ ਦੀ ਬੜੀ ਪਿਆਸ ਲੱਗੀ ਹੋਈ ਹੈ (ਚਿੱਤ ਲੋਚਦਾ ਹੈ ਕਿ) ਕੋਈ (ਉਸ ਪਤੀ ਨੂੰ) ਲਿਆ ਕੇ ਮੇਲ ਕਰਾ ਦੇਵੇ । (ਇਹ ਸੁਣ ਕੇ ਕਿ) ਸੰਤ ਜਨ ਪ੍ਰੇਮ ਵਧਾਣ ਵਿਚ ਸਹੈਤਾ ਕਰਿਆ ਕਰਦੇ ਹਨ, ਮੈਂ ਉਹਨਾਂ ਦੀ ਚਰਨੀਂ ਲੱਗੀ ਹਾਂ । (ਹੇ ਮਾਂ!) ਪ੍ਰਭੂ ਤੋਂ ਬਿਨਾ ਸੁਖ ਆਨੰਦ ਨਹੀਂ ਮਿਲ ਸਕਦਾ (ਕਿਉਂਕਿ ਸੁਖ-ਆਨੰਦ ਦੀ) ਹੋਰ ਕੋਈ ਥਾਂ ਹੀ ਨਹੀਂ ।

ਜਿਨ੍ਹਾਂ (ਵਡ-ਭਾਗੀਆਂ) ਨੇ ਪ੍ਰਭੂ-ਪਿਆਰ ਦਾ ਸੁਆਦ (ਇਕ ਵਾਰੀ) ਚੱਖ ਲਿਆ ਹੈ (ਉਹਨਾਂ ਨੂੰ ਮਾਇਆ ਦੇ ਸੁਆਦ ਭੁੱਲ ਜਾਂਦੇ ਹਨ, ਮਾਇਆ ਵੱਲੋਂ) ਉਹ ਰੱਜ ਜਾਂਦੇ ਹਨ, ਆਪਾ-ਭਾਵ ਛੱਡ ਕੇ ਉਹ ਸਦਾ ਅਰਦਾਸਾਂ ਕਰਦੇ ਰਹਿੰਦੇ ਹਨ—ਹੇ ਪ੍ਰਭੂ! ਸਾਨੂੰ ਆਪਣੇ ਲੜ ਲਾਈ ਰੱਖ ।

ਜਿਸ ਜੀਵ-ਇਸਤ੍ਰੀ ਨੂੰ ਪ੍ਰਭੂ ਖਸਮ ਨੇ ਆਪਣੇ ਨਾਲ ਮਿਲਾ ਲਿਆ ਹੈ, ਉਹ (ਉਸ ਮਿਲਾਪ ਵਿਚੋਂ) ਵਿੱਛੜ ਕੇ ਹੋਰ ਕਿਸੇ ਥਾਂ ਨਹੀਂ ਜਾਂਦੀ, (ਕਿਉਂਕਿ) ਹੇ ਨਾਨਕ (ਉਸ ਨੂੰ ਨਿਸਚਾ ਆ ਜਾਂਦਾ ਹੈ ਕਿ ਸਦੀਵੀ ਸੁਖ ਵਾਸਤੇ) ਪ੍ਰਭੂ ਦੀ ਸਰਨ ਤੋਂ ਬਿਨਾ ਹੋਰ ਕੋਈ ਥਾਂ ਨਹੀਂ ਹੈ । ਉਹ ਸਦਾ ਪ੍ਰਭੂ ਦੀ ਸਰਨ ਪਈ ਰਹਿੰਦੀ ਹੈ ।

ਅੱਸੂ (ਦੀ ਮਿੱਠੀ ਮਿੱਠੀ ਰੁੱਤ) ਵਿਚ ਉਹ ਜੀਵ-ਇਸਤ੍ਰੀਆਂ ਸੁਖ ਵਿਚ ਵੱਸਦੀਆਂ ਹਨ, ਜਿਨ੍ਹਾਂ ਉੱਤੇ ਪਰਮਾਤਮਾ ਦੀ ਕਿਰਪਾ ਹੁੰਦੀ ਹੈ ।੮।

## ਗੁਰੂ ਅੰਗਦ ਦੇਵ ਜੀ ਦੀ ਸਿੱਖ ਧਰਮ ਨੂੰ ਦੇਣ

### ਅੰਗਰੇਜ ਸਿੰਘ ਹੁੰਦਲ

ਅਧਿਆਤਮਕ ਤੇ ਦੁਨਿਆਵੀ ਜੀਵਨ ਵਿੱਚ ਗੁਰੂ ਦਾ ਬਹੁਤ ਵੱਡਾ ਮਹੱਤਵ ਹੈ। ਪੰਜਾਬੀ ਲੋਕਧਾਰਾ ਵਿੱਚ 'ਗੁਰੂ ਬਿਨਾਂ ਗੱਤ ਨਹੀਂ ਤੇ ਸ਼ਾਹ ਬਿਨਾਂ ਪੱਤ ਨਹੀਂ' ਦੀ ਪੰਕਤੀ ਪ੍ਰਚੱਲਿਤ ਹੈ। ਗੁਰਬਾਣੀ ਵਿੱਚ ਗੁਰੂ ਨੂੰ ਗਿਆਨ ਤੇ ਗੁੜ੍ਹਤੀ ਦਾ ਦਾਤਾ ਹੋਣ ਦੇ ਨਾਲ-ਨਾਲ ਗੁਰੂ ਪਰਮੇਸ਼ਰ ਤੇ ਪਾਰਬ੍ਰਹਮ ਪਰਮੇਸ਼ਰ ਹੋਣ ਦਾ ਰੁਤਬਾ ਪ੍ਰਾਪਤ ਹੈ। ਭਾਈ ਵੀਰ ਸਿੰਘ ਗੁਰੂ ਦਾ ਅਰਥ ਅਗਿਆਨਤਾ ਦੇ ਹਨੇਰੇ ਨੂੰ ਕੱਟ ਕੇ ਗਿਆਨ ਰੂਪੀ ਪ੍ਰਕਾਸ਼ ਕਰ ਦੇਣ ਦੇ ਅਰਥਾਂ ਵਿੱਚ ਕਰਦੇ ਹਨ। ਸਿੱਖੀ ਵਿੱਚ ਗੁਰੂ ਤੇ ਗੁਰਗੱਦੀ ਦੀ ਬਖ਼ਸ਼ਿਸ਼, ਇਲਾਹੀ ਰਮਜ਼ ਦਾ ਵਰਤਾਰਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸੇ ਇਲਾਹੀ ਫਰਮਾਨ ਰਾਹੀਂ ਭਾਈ ਲਹਿਣਾ ਜੀ ਨੂੰ ਸਤੰਬਰ 1539 ਵਿੱਚ ਗੁਰਗੱਦੀ ਬਖ਼ਸ਼ੀ। ਗੁਰੂ ਨਾਨਕ ਦੇਵ ਜੀ ਦੁਆਰਾ ਨਿਰਧਾਰਿਤ ਕੀਤੀਆਂ ਲੀਹਾਂ ਤੇ ਤਰਹੀਜਾਂ ਮੁਤਾਬਿਕ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ, ਲੰਗਰ, ਮੱਲ ਅਖਾੜੇ ਆਦਿ ਰਾਹੀਂ ਸਿੱਖੀ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਗੁਰੂ ਨਾਨਕ ਦੇਵ ਜੀ ਨੇ ਗੁਰਿਆਈ ਦੀ ਰਸਮ ਆਪ ਅਦਾ ਕਰ ਕੇ ਭਾਈ ਲਹਿਣਾ ਤੋਂ ਗੁਰੂ ਅੰਗਦ ਬਣਾ ਕੇ ਆਪ ਮੱਥਾ ਟੇਕਿਆ ਤੇ ਆਪਣੇ ਪਿਆਰੇ ਸਿੱਖਾਂ ਨੂੰ ਵੀ ਉਨ੍ਹਾਂ ਨੂੰ ਮੱਥਾ ਟੇਕਣ ਦਾ ਆਦੇਸ਼ ਦਿੱਤਾ। ਇਸ ਨਾਲ ਸਿੱਖੀ ਨੂੰ ਗੁਰਿਆਈ ਪਰੰਪਰਾ ਦਾ ਗਿਆਨ ਹੋਇਆ ਤੇ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਵਾਰਸ ਦੀ ਸਪੱਸ਼ਟ ਪਛਾਣ ਹੋਈ। ਗੁਰੂ ਨਾਨਕ ਦੇਵ ਜੀ ਆਪਣੇ ਪੁੱਤਰਾਂ ਦੇ ਸੁਭਾਅ ਤੋਂ ਪਹਿਲਾਂ ਹੀ ਜਾਣੂ ਸਨ ਤੇ ਉਹ ਸਿੱਖੀ ਪ੍ਰਚਾਰ ਦਾ ਨਵਾਂ ਕੇਂਦਰ ਸਥਾਪਿਤ ਕਰਨ ਦੇ ਇੱਛੁਕ ਵੀ ਸਨ। ਇਸ ਲਈ ਉਹ ਗੁਰੂ ਅੰਗਦ ਦੇਵ ਜੀ ਨੂੰ 'ਖਡੂਰ ਸਾਹਿਬ' ਨੂੰ ਆਪਣਾ ਪ੍ਰਚਾਰ ਕੇਂਦਰ ਬਣਾਉਣ ਬਾਰੇ ਕਹਿ ਗਏ ਸਨ। ਗੁਰੂ ਅੰਗਦ ਦੇਵ ਜੀ ਇੱਥੇ ਕਾਫ਼ੀ ਸਮਾਂ ਮਾਈ ਵਿਰਾਈ ਦੇ ਘਰ, ਗੁਪਤ-ਵਾਸ ਵਿੱਚ ਰਹੇ। ਗੁਰੂ ਜੀ ਨੇ ਇਸ ਮਾਈ ਨੂੰ ਕਹਿ ਰੱਖਿਆ ਸੀ ਕਿ ਕਿਸੇ ਨੂੰ ਵੀ ਉਨ੍ਹਾਂ ਬਾਰੇ ਕੋਈ ਜਾਣਕਾਰੀ ਨਾ ਦੇਣ। ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤ ਸਮਾਉਣ ਦੀ ਖ਼ਬਰ ਸੁਣ ਕੇ ਉਹ ਵੈਰਾਗ ਵਿੱਚ ਆ ਗਏ ਤੇ ਉਨ੍ਹਾਂ ਦੀ ਯਾਦ ਵਿੱਚ ਕਰਤਾਰ ਦੀ ਬੰਦਗੀ ਵਿੱਚ ਲੱਗੇ ਰਹੇ। ਸੰਗਤਾਂ ਨੇ ਅਖ਼ੀਰ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ ਕਿ ਉਹ ਗੁਰੂ ਅੰਗਦ ਦੇਵ ਜੀ ਦੇ ਟਿਕਾਣੇ ਦਾ ਪਤਾ ਕਰਨ। ਬਾਬਾ ਬੁੱਢਾ ਜੀ ਨੇ ਮਾਈ ਵਿਰਾਈ ਰਾਹੀਂ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਲਈ ਬੇਨਤੀ ਕੀਤੀ।

ਗੁਰੂ ਜੀ ਨੇ ਖਡੂਰ ਸਾਹਿਬ ਨੂੰ ਆਪਣਾ ਸਦਰ ਮੁਕਾਮ ਬਣਾਇਆ ਤੇ ਇੱਥੋਂ ਹੀ ਅਗਲੇਰੇ ਕਾਰਜ ਕਰਦੇ ਰਹੇ। ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿੱਪੀ ਦਾ ਪਹਿਲਾ ਬਾਲ ਬੋਧ ਜਾਰੀ ਕੀਤਾ ਗਿਆ। ਗੁਰੂ ਅੰਗਦ ਦੇਵ ਜੀ ਨੇ ਨਰੋਏ ਤੇ ਤੰਦਰੁਸਤ ਸਰੀਰਾਂ ਦੀ ਚੇਤਨਾ ਪੈਦਾ ਕਰਨ ਲਈ ਮੱਲ ਅਖਾੜਾ ਸਥਾਪਿਤ ਕੀਤਾ। ਗੁਰੂ ਜੀ ਦੁਆਰਾ ਨਰੋਈ ਦੇਹ ਦੀ ਪੈਦਾ ਕੀਤੀ ਚੇਤਨਾ ਵਿੱਚੋਂ ਹੀ ਸਿੱਖਾਂ ਵਿੱਚ ਇੱਕ ਸੱਭਿਆਚਾਰ ਪੈਦਾ ਹੋਇਆ, ਜੋ ਖ਼ਾਲਸਾ ਫ਼ੌਜ ਦੇ ਵਿਲੱਖਣ ਕਾਰਨਾਮਿਆਂ ਦਾ ਆਧਾਰ ਬਣਿਆ। ਗੁਰੂ ਜੀ ਨੇ ਲੰਗਰ ਦੀ ਪ੍ਰਥਾ ਸਥਾਪਿਤ ਕੀਤੀ। ਇਸ ਵਿੱਚ ਗੁਰੂ ਜੀ ਦੇ ਮਹਿਲ ਮਾਤਾ ਖੀਵੀ ਜੀ ਨੇ ਵਡਮੁੱਲਾ ਯੋਗਦਾਨ ਪਾਇਆ। ਲੰਗਰ ਦੀ ਇਹ ਪ੍ਰਥਾ ਅੱਜ ਵੀ ਉਸੇ ਰੂਪ ਵਿੱਚ ਬਾਬਾ ਸੇਵਾ ਸਿੰਘ ਕਾਰ ਸੇਵਾ, ਖਡੂਰ ਸਾਹਿਬ ਦੀ ਸਰਪ੍ਰਸਤੀ ਹੇਠ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਨਿਰਵਿਘਨ ਚਲਾਈ ਜਾ ਰਹੀ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਗੁਰਿਆਈ ਦਾ ਲਗਪਗ 13 ਸਾਲ ਦਾ ਅਰਸਾ ਖਡੂਰ ਸਾਹਿਬ ਵਿੱਚ ਹੀ ਬਤੀਤ ਕੀਤਾ ਤੇ ਸਿੱਖੀ ਦੇ ਸੰਸਥਾਗਤ ਢਾਂਚੇ ਦੀ ਉਸਾਰੀ ਕੀਤੀ। ਇਸੇ ਸੰਸਥਾਗਤ ਢਾਂਚੇ ਕਰਕੇ ਸਿੱਖ ਕੌਮ ਦੀ ਵਿਲੱਖਣ ਹਸਤੀ ਤੇ ਸੱਭਿਆਚਾਰ ਹੋਂਦ ਵਿੱਚ ਆਇਆ।

Ticker, ਵਿਰਾਸਤ